# ਵਰਲਡ ਸਿੱਖ ਆਰਗੇਨਾਈਜੇਸ਼ਨ ਵਲੋਂ ਉਨਟਾਰੀਓ ਸੂਬੇ ਦੇ ਲੇਬਰ ਮਿਨਸਟਰ ਵਲੋਂ ਟੈਮਪਰੇਰੀ ਇੰਮਪਲਾਈਮੈਂਟ ਏਜੰਸੀਆਂ ਦੇ ਮਸਲੇ ਸੰਬਧੀ ਪੁੱਛੇ ਗਏ ਸਵਾਲਾਂ ਦੇ ਜ਼ਵਾਬ 7 ਜੁਲਾਈ 2008 ਤੋਂ ਪਹਿਲਾਂ ਇਕ ਰਿਪੋਰਟ ਦੇ ਰੂਪ ਵਿਚ ਦੇਣ ਲਈ ਤਿਆਰੀਆਂ ਸ਼ੁਰੂ

ਸਮੁੱਚੇ ਭਾਈਚਾਰੇ ਨੂੰ ਇਸ ਮੱਹਤਵਪੂਰਨ ਮਸਲੇ ਸਬੰਧੀ ਆਪਣੇ ਮੁੱਦਿਆਂ ਨੂੰ ਡਬਿਲਯੂ. ਐਸ. ਓ. ਦੀ ਲੀਗਲ ਸੱਬ-ਕਮੇਟੀ ਕੋਲ ਪਹੁੰਚਾਉਣ ਦੀ ਬੇਨਤੀ

(ਮਿਸੀਸਾਗਾ) 9 ਜੂਨ 2008 - ਉਨਟਾਰੀਓ ਸੂਬੇ ਦੇ ਲੇਬਰ ਮਿਨਸਟਰ ਬਰੈਡ ਡੂਗਿਡ ਵਲੋਂ ਟੈਮਪਰੇਰੀ ਇਮਲਾਈਮੈਂਟ ਏਜੰਸੀਆਂ ਪ੍ਰਤੀ ਉਨਟਾਰੀਓ ਦੇ ਵਸਨੀਕਾਂ, ਕਾਮਿਆਂ ਅਤੇ ਕੰਮ ਦੇਣ ਵਾਲਿਆਂ ਯਾਨਿ ਫੈਕਟਰੀਆਂ/ਵੇਅਰਹਾਊਸ ਆਦਿ ਚਲਾਉਣ ਵਾਲਿਆਂ ਤੋਂ ਪ੍ਰਾਪਤ ਹੋਈ ਜਾਣਕਾਰੀ ਤੋਂ ਬਾਦ ਇਸ ਖੇਤਰ ਵਿਚਲੀਆਂ ਖਾਮੀਆਂ ਨਾਲ ਨਜਿੱਠਣ ਲਈ ਕਾਨੂੰਨ ਵਿਚ ਸੰਭਾਵੀਆਂ ਤਬਦੀਲੀਆਂ ਕਰਨ ਲਈ ਸੂਬੇ ਦੇ ਲੋਕਾਂ ਤੋਂ ਜਾਣਕਾਰੀ ਲੈਣ ਲਈ ਇਕ ਸਪੈਸ਼ਲ ਕਮੇਟੀ ਗਠਿਤ ਕੀਤੀ ਗਈ ਹੈ ਜਿਸ ਨੂੰ ਇਸ ਮਸਲੇ ਸਬੰਧੀ ਉਨਟਾਰੀਓ ਦੇ ਲੋਕਾਂ ਦੀਆਂ ਭਾਵਨਾਵਾਂ ਇਕੱਤਰ ਕਰਨ ਲਈ ਕਿਹਾ ਗਿਆ ਹੈ । ਇਸ ਮਕਸਦ ਲਈ ਲੇਬਰ ਵਿਭਾਗ ਵਲੋਂ 10 ਸਫਿਆਂ ਦਾ ਇਕ ਡਾਕੂਮੈਂਟ ਜਾਰੀ ਕੀਤਾ ਗਿਆ ਹੈ ਜਿਸ ਦੀ ਘੋਖ ਪੜਤਾਲ ਕਰਨ ਅਤੇ ਸਾਡੇ ਆਪਣੇ ਭਾਈਚਾਰੇ ਦੀ ਟੈਮਪਰੇਰੀ ਇੰਮਪਲਾਈਮੈਂਟ ਏਜੰਸੀਆਂ ਹਥੋਂ ਹੋ ਰਹੀ ਲੁੱਟ-ਖਸੁੱਟ ਅਤੇ ਇਸ ਮੁੱਦੇ ਪ੍ਰਤੀ ਸਾਡੇ ਭਾਈਚਾਰੇ ਵਿਚ ਪ੍ਰਚਲਿਤ ਆਮ ਜਾਣਕਾਰੀ ਨੂੰ ਵਿਸ਼ੇਸ਼ ਰਿਪੋਰਟ ਦੇ ਜ਼ਰੀਏ ਲੇਬਰ ਮਿਨਸਟਰੀ ਤੱਕ ਪਹੁੰਚਾਉਣ ਲਈ ਵਰਲਡ ਸਿੱਖ ਆਰਗੇਨਾਈਜੇਸ਼ਨ ਨੇ ਆਪਣੀ ਉਨਟਾਰੀਓ ਇਕਾਈ ਦੀ ਜ਼ਿੰਮੇਵਾਰੀ ਲਾ ਦਿੱਤੀ ਹੈ ।

ਇਸ ਤੋਂ ਪਹਿਲਾਂ ਵਰਲਡ ਸਿੱਖ ਆਰਗੇਨਾਈਜੇਸ਼ਨ ਦੀ ਉਨਟਾਰੀਓ ਇਕਾਈ ਨੇ ਲਾਰਡ ਪਰੇਅਰ ਦੇ ਮੁੱਦੇ ਉਪਰ ਉਨਟਾਰੀਓ ਦੇ ਸਪੀਕਰ ਵਲੋਂ ਗਠਿਤ ਸਰਬ-ਪਾਰਟੀ ਕਮੇਟੀ ਕੋਲ ਲਿਖਤੀ ਰਿਪੋਰਟ ਦਾਇਰ ਕਰਨ ਤੋਂ ਇਲਾਵਾ 2 ਜੂਨ 2008 ਨੂੰ ਉਨਟਾਰੀਓ ਦੀ ਪਾਰਲੀਮੈਂਟ ਕਮੇਟੀ ਦੇ ਸਾਹਮਣੇ ਆਪਣੇ 2 ਮੈਂਬਰਾਂ ਨੂੰ ਪੇਸ਼ਕਾਰੀ ਲਈ ਭੇਜਿਆ ਸੀ । ਇਥੇ ਇਹ ਵਰਨਣਯੋਗ ਹੈ ਕਿ ਉਨਟਾਰੀਓ ਦੇ ਪ੍ਰੀਅਮਰ, ਡਾਲਟਨ ਮਗੈਂਟੀ ਨੇ ਕੁਝ ਮਹੀਨੇ ਪਹਿਲਾਂ ਉਨਟਾਰੀਓ ਦੀ ਅਸੈਂਬਲੀ ਦੀ ਰੋਜ਼ਾਨਾ ਕਾਰਵਾਈ ਸ਼ੁਰੂ ਹੋਣ ਵੇਲੇ ਕਈ ਦਹਾਕਿਆਂ ਤੋਂ ਚੱਲਦੀ ਆ ਰਹੀ ਈਸਾਈ ਧਰਮ ਦੀ ਅਰਦਾਸ ਪੜਣ ਦੇ ਮੁੱਦੇ ਨੂੰ ਮੁੜ ਵਿਚਾਰਣ ਲਈ ਇਹ ਕਹਿੰਦੇ ਹੋਏ ਚਰਚਾ ਸ਼ੁਰੂ ਕੀਤੀ ਸੀ ਕਿ ਉਨਟਾਰੀਓ ਦੀ ਵਸੋਂ ਹੁਣ ਬਦਲ ਚੁੱਕੀ ਹੈ 'ਤੇ ਇਸ ਬਦਲੀ ਹੋਈ ਆਬਾਦੀ ਦੀਆਂ ਭਾਵਨਾਵਾਂ ਦੀ ਪ੍ਰਦਰਸ਼ਨੀ ਅਸੈਂਬਲੀ ਵਿਚ ਪੜੀ ਜਾਣ ਵਾਲੀ ਧਾਰਮਿਕ ਅਰਦਾਸ ਵਿਚੋਂ ਪ੍ਰਗਟ ਹੋਣ ਜਾਂ ਨਾਂ ਹੋਣ ਸਬੰਧੀ ਇਥੋਂ ਦੇ ਲੋਕਾਂ ਅਤੇ ਉਨ੍ਹਾਂ ਦੀਆਂ ਸੰਸਥਾਂਵਾਂ ਨੂੰ ਮੌਕਾ ਦੇਣਾ ਚਾਹੀਦਾ ਹੈ ।

ਵਰਲਡ ਸਿੱਖ ਆਰਗੇਨਾਈਜੇਸ਼ਨ ਦੀ ਉਨਟਾਰੀਓ ਇਕਾਈ ਦੇ ਪ੍ਰਧਾਨ ਸ੍ਰ: ਸਤਨਾਮ ਸਿੰਘ ਵਾਘਾ ਨੇ ਕਿਹਾ ਕਿ, "ਉਨਟਾਰੀਓ ਵਿਚ ਪਿਛਲੇ 15-20 ਸਾਲ ਤੋਂ ਟੈਮਪਰੇਰੀ ਇੰਮਪਲਾਈਮੈਂਟ ਏਜੰਸੀਆਂ ਦੀ ਗਿਣਤੀ ਵਿਚ ਹੋ ਰਿਹਾ ਨਿਰੰਤਰ ਵਾਧਾ ਅਤੇ ਜੌਬ-ਮਾਰਕੀਟ ਵਿਚ ਐਂਟਰੀ ਲੈਵਲ ਦੀਆਂ ਨੌਕਰੀਆਂ ਜਿਨ੍ਹਾਂ ਵਿਚ ਵੇਅਰਹਾਊਸ ਵਿਚ ਪੈਕਿੰਗ/ਲੋਡਿੰਗ ਆਦਿ ਤੋਂ ਇਲਾਵਾ ਫੈਕਟਰੀਆਂ ਵਿਚ ਜਨਰਲ ਹੈਲਪਰ ਵਰਗੀਆਂ ਨੌਕਰੀਆਂ ਆਂਉਦੀਆਂ ਹਨ ਬਾਰੇ ਅਕਸਰ ਸਾਡੇ ਭਾਈਚਾਰੇ ਵਿਚ ਚਰਚਾ ਹੁੰਦੀ ਹੈ ਜਿਸ ਨੂੰ ਮੁੱਖ ਕਰਕੇ ਲੇਬਰ ਮਿਨਸਟਰ ਵਲੋਂ ਗਠਿਤ ਸਪੈਸ਼ਲ ਕਮੇਟੀ ਦੇ ਮੁੱਖੀ, ਵਿੱਕ ਢਿਲੋਂ ਜੋ ਕਿ ਬਰੈਮਪਟਨ ਵੈਸਟ ਹਲਕੇ ਤੋਂ ਲਿਬਰਲ ਐਮ. ਪੀ. ਪੀ. ਵੀ ਹਨ ਕੋਲ 7 ਜੁਲਾਈ ਤੋਂ ਪਹਿਲਾਂ ਦਾਇਰ ਕੀਤੀ ਜਾ ਰਹੀ ਇਸ ਰਿਪੋਰਟ ਦੀ ਤਿਆਰੀ ਲਈ ਵਰਲਡ ਸਿੱਖ ਆਰਗੇਨਾਈਜੇਸ਼ਨ ਦੀ ਲੀਗਲ ਸੱਬ-ਕਮੇਟੀ ਵਲੋਂ ਆਉਣ ਵਾਲੇ ਕੁਝ ਦਿਨਾਂ ਅੰਦਰ ਸਾਡੇ ਆਪਣੇ ਲੋਕਾਂ ਦੇ ਨਿੱਜੀ ਤਜ਼ਰਬਿਆਂ ਨੂੰ ਰਿਪੋਰਟ ਦਾ ਅੰਗ ਬਣਾਉਣ 'ਤੇ ਉਨ੍ਹਾਂ ਦਾ ਪੱਖ ਸੁਣਨ ਲਈ ਵਰਲਡ ਸਿੱਖ ਆਰਗੇਨਾਈਜੇਸ਼ਨ ਦੀ ਵੈਬ-ਸਾਈਟ ਉਪਰ ਇੰਤਜ਼ਾਮ ਕਰਨ ਤੋਂ ਇਲਾਵਾ ਇਕ ਸਪੈਸ਼ਲ ਫਾਰਮ ਅਖਬਾਰਾਂ ਵਿਚ ਛਪਵਾਇਆ ਜਾਵੇਗਾ ਜਿਸ ਨੂੰ ਭਰ ਕੇ ਸਾਡੇ ਲੋਕ ਆਪਣਾ ਨਿੱਜੀ ਤਜ਼ਰਬਾ ਸਾਡੇ ਤੱਕ ਪਹੁੰਚਦਾ ਕਰ ਸਕਣਗੇ । ਉਨ੍ਹਾਂ ਇਹ ਵੀ ਕਿਹਾ ਕਿ ਇਹ ਫਾਰਮ ਸਥਾਨਕ ਇਲਾਕੇਆਂ ਦੇ ਗੁਰਦੁਆਰਾ ਸਾਹਿਬਾਨ ਵਿਚ ਵੀ ਉਪਲਬੱਧ ਕਰਵਾਏ ਜਾਣਗੇ ਤਾਂ ਜੋ ਇੰਮਪਾਲੀਮੈਂਟ ਐਕਟ ਵਿਚ ਸੰਭਾਵੀ ਤਬਦੀਲੀਆਂ ਵਿਚ ਅਸੀਂ ਆਪਣਾ ਯੋਗਦਾਨ ਪਾ ਸਕੀਏ ।"

ਉਨਟਾਰੀਓ ਖਾਲਸਾ ਦਰਬਾਰ ਦੀ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਸ੍ਰ: ਜਸਜੀਤ ਸਿੰਘ ਭੁੱਲਰ ਨੇ ਇਸ ਮਸਲੇ ਸਬੰਧੀ ਕਿਹਾ ਕਿ "ਬਹੁਤਾਤ ਵਿਚ ਸਥਾਨਕ ਸਮਾਜ ਵਿਚ 1980ਵਿਆਂ ਤੱਕ ਇੰਮਪਲਾਈਮੈਂਟ ਏਜੰਸੀਆਂ ਦੀ ਜ਼ਿਆਦਾਤਰ ਵਰਤੋਂ ਕੰਪਨੀਆਂ ਵਲੋਂ ਆਪਣੇ ਜਨਰਲ ਮੈਨੇਜਰ ਜਾਂ ਹੋਰ ਉਚ-ਅਹੁਦਿਆਂ ਲਈ ਸੰਭਾਵੀ ਉਮੀਦਵਾਰ ਲੱਭਣ ਲਈ ਕੀਤੀ ਜਾਂਦੀ ਸੀ ਕਿਉਂਕਿ ਕੁਝ ਕੰਪਨੀਆਂ ਇਨ੍ਹਾਂ ਏਜੰਸੀਆਂ ਦੇ ਜ਼ਰੀਏ ਨੌਕਰੀ ਪ੍ਰਾਪਤ ਕਰਨ ਦੇ ਚਹਾਵਾਨ 50-60 ਉਮੀਦਵਾਰਾਂ ਵਿਚੋ '5-7 ਉਮੀਦਵਾਰਾਂ ਦੀ ਛਾਂਟੀ ਕਰਵਾਉਣ ਤੋਂ ਬਾਦ ਸਿਰਫ ਯੋਗ ਉਮੀਦਵਾਰਾਂ ਨੂੰ ਹੀ ਇੰਟਰਵਿਊ ਲਈ ਸੱਦਣ ਲਈ

ਤਰਜੀਹ ਦਿੰਦੀਆਂ ਹੁੰਦੀਆਂ ਸਨ । 1970-80ਵਿਆਂ ਜਦੋਂ ਅਸੀਂ ਇਸ ਮੁਲਕ ਵਿਚ ਆਏ ਸੀ ਤਾਂ ਟੈਮਪਰੇਰੀ ਹੈਲਪ ਏਜੰਸੀਆਂ ਦੇ ਜ਼ਰੀਏ ਜਨਰਲ ਹੈਲਪਰ ਆਦਿ ਦੀ ਵਰਤੋਂ ਕੰਪਨੀਆਂ ਵਲੋਂ ਬਹੁਤ ਘੱਟ ਕੀਤੀ ਜਾਂਦੀ ਸੀ ਜਿਸ ਕਰਕੇ ਉਨ੍ਹਾਂ ਸਮਿਆਂ ਵਿਚ ਬਣਾਏ ਕਾਨੂੰਨ ਅਜੋਕੇ ਸਮੇਂ ਵਿਚ ਸਾਹਮਣੇ ਉਭਰ ਕੇ ਆ ਰਹੀਆਂ ਮੁਸ਼ਕਲਾਵਾਂ ਨਾਲ ਨਜਿੱਠਣ ਤੋਂ ਅਸਮਰੱਥ ਹਨ ।" ਉਨਟਾਰੀਓ ਖਾਲਸਾ ਦਰਬਾਰ ਦੇ ਜਨਰਲ ਸਕੱਤਰ, ਸ੍ਰ: ਹਰਬੰਸ ਸਿੰਘ ਜ਼ੰਡਾਲੀ ਨੇ ਉਨਟਾਰੀਓ ਖਾਲਸਾ ਦਰਬਾਰ ਵਲੋਂ ਇਸ ਮਸਲੇ ਪ੍ਰਤੀ ਸਥਾਨਕ ਭਾਈਚਾਰੇ ਵਿਚ ਜਾਗਰਤੀ ਪੈਦਾ ਕਰਨ ਲਈ ਪੂਰਾ ਸਹਿਯੋਗ ਦੇਣ ਦਾ ਵਿਸ਼ਵਾਸ਼ ਦਿਵਾਂਉਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਵਰਲਡ ਸਿੱਖ ਆਰਗੇਨਾਈਜੇਸ਼ਨ ਦੀਆਂ ਗਤੀਵਿਧੀਆਂ ਵਿਚ ਇਥੋਂ ਦੀ ਨੌਜਵਾਨ ਪੀੜ੍ਹੀ ਦੀ ਵੱਧ ਰਹੀ ਦਿਲਚਸਪੀ ਦਾ ਅਹਿਸਾਸ ਹੈ ਜਿਸ ਕਰਕੇ ਉਹ ਇਹ ਕਹਿ ਸਕਦੇ ਹਨ ਕਿ ਮੁੱਖ ਧਾਰਾ ਦੇ ਨਾਲ ਸਬੰਧਤ ਮੁੱਦਿਆਂ ਉਪਰ ਇਥੋਂ ਦੇ ਜੰਮਪਲ ਨੌਜਵਾਨ ਬੱਚੇ-ਬੱਚੀਆਂ ਅਸਰਦਾਇਕ ਢੰਗ ਨਾਲ ਆਪਣੀਆਂ ਰਿਪੋਰਟ ਪੇਸ਼ ਕਰ ਸਕਣ ਗੇ ।

ਵਰਲਡ ਸਿੱਖ ਆਰਗੇਨਾਈਜੇਸ਼ਨ ਦੀ ਲੀਗਲ ਸੱਬ-ਕਮੇਟੀ ਦੇ ਮੈਂਬਰ, ਰਣਜੀਤ ਸਿੰਘ ਨੇ ਇਸ ਵਿਸ਼ੇ ਸਬੰਧੀ ਵਰਲਡ ਸਿੱਖ ਆਰਗੇਨਾਈਜੇਸ਼ਨ ਦੇ ਮੈਂਬਰਾਂ ਨਾਲ ਛਿੜੀ ਮੁਢਲੀ ਵਿਚਾਰ ਚਰਚਾ ਵਿਚ ਦੱਸਿਆ ਕਿ ਮਿਨਸਟਰੀ ਆਫ ਲੇਬਰ ਨੇ ਪੰਜ ਮੁੱਦਿਆਂ ਉਪਰ ਲੋਕਾਂ ਤੋਂ ਰਾਏ ਮੰਗੀ ਹੈ । ਉਨ੍ਹਾਂ ਕਿਹਾ ਕਿ ਮਿਨਸਟਰੀ ਆਫ ਲੇਬਰ ਵਲੋਂ ਪ੍ਰਕਾਸ਼ਿਤ ਕੀਤੇ ਅੰਕੜਿਆਂ ਅਨੁਸਾਰ ਇਸ ਵਕਤ ਉਨਟਾਰੀਓ ਵਿਚ 1000 ਦੇ ਕਰੀਬ ਟੈਮਪਰੇਰੀ ਹੈਲਪ ਏਜੰਸੀਆਂ ਹਨ ਜਿਨ੍ਹਾਂ ਦੇ ਜ਼ਰੀਏ 7 ਲੱਖ ਲੋਕ ਦੇ ਕਰੀਬ ਕੰਮ ਕਰ ਰਹੇ ਹਨ ਜਿਨ੍ਹਾਂ ਵਿਚ ਕਈ ਇਕੋ ਹੀ ਜਗ੍ਹਾ ਯਾਨਿ ਫੈਕਟਰੀ ਆਦਿ ਵਿਚ ਕਈ ਸਾਲ ਤੋਂ ਟੈਮਪਰੇਰੀ ਏਜੰਸੀ ਦੇ ਜ਼ਰੀਏ ਕੰਮ ਕਰਦੇ ਆ ਰਹੇ ਹਨ ਜਾਂ ਉਹ ਉਸੇ ਫੈਕਟਰੀ ਆਦਿ ਵਿਚ ਉਸ ਕੰਪਨੀ ਵਲੋਂ ਰੱਖੇ ਗਏ ਕਾਮਿਆਂ ਦੇ ਬਰਾਬਰ ਟੈਮਪਰੇਰੀ ਏਜੰਸੀ ਦੇ ਵਰਕਰ ਵਜੋਂ ਘੱਟ ਤਨਖਾਹ ਉਪਰ ਕੰਮ ਕਰ ਰਹੇ ਹਨ ।

7 ਜੁਲਾਈ 2008 ਤੋਂ ਪਹਿਲਾਂ ਪੇਸ਼ ਕੀਤੀ ਜਾਣ ਵਾਲੀ ਇਸ ਰਿਪੋਰਟ ਵਿਚ ਜਿਨ੍ਹਾਂ ਮੁੱਦਿਆਂ ਸਬੰਧੀ ਲੇਬਰ ਮਿਨਸਟਰ ਨੇ ਜਾਣਕਾਰੀ ਮੰਗੀ ਹੈ ਉਨ੍ਹਾਂ ਸਬੰਧੀ ਸੰਖੇਪ ਰੂਪ ਵਿਚ ਜਾਣਕਾਰੀ ਦਿੰਦੇ ਹੋਏ ਵਰਲਡ ਸਿੱਖ ਆਰਗੇਨਾਈਜੇਸ਼ਨ ਦੇ ਮੀਡੀਆ ਕੋਆਰਡੀਨੇਟਰ, ਅਮਨਪ੍ਰੀਤ ਸਿੰਘ ਬੱਲ ਨੇ ਕਿਹਾ ਕਿ ਇਨ੍ਹਾਂ ਵਿਚ ਇੰਮਪਲਾਏਮੈਂਟ ਸਟੈਂਡਰਡ ਐਕਟ-2000 ਅਨੁਸਾਰ " ਇਲਕੈਟ ਟੂ ਵਰਕ " ਧਾਰਾ ਦਾ ਟੈਮਪਰੇਰੀ ਹੈਲਪ ਏਜੰਸੀਆਂ ਵਲੋਂ ਕੀਤੇ ਜਾ ਰਹੇ ਇਸਤੇਮਾਲ ਸਬੰਧੀ ਤਿੰਨ ਸਵਾਲਾਂ ਦੇ ਜ਼ਵਾਬ, ਟੈਮਪਰੇਰੀ ਹੈਲਪ ਏਜੰਸੀ ਦੇ ਜ਼ਰੀਏ ਕੰਮ ਕਰਨ ਵਾਲੇ ਵਰਕਰ ਨੂੰ ਫੈਕਟਰੀ ਵਲੋਂ ਪੱਕੀ ਨੌਕਰੀ ਯਾਨਿ ਫੈਕਟਰੀ ਦੇ ਪੇ-ਰੋਲ ਉਪਰ ਰੱਖਣ ਦੇ ਮੁੱਦੇ ਸਬੰਧੀ ਅਪਣਾਈਆਂ ਜਾਂਦੀਆਂ ਪਾਲਸੀਆਂ ਉਪਰ 4 ਸਵਾਲ, ਟੈਮਪਰੇਰੀ ਹੈਲਪ ਏਜੰਸੀਆਂ ਵਲੋਂ ਵਰਕਰਾਂ ਨੂੰ ਨੌਕਰੀ ਦਿਵਾਉਣ ਸਬੰਧੀ ਫੀਸ ਵਸੂਲਣ ਦੇ ਵਿਸ਼ੇ ਉਪਰ 4 ਸਵਾਲ, ਟੈਮਪਰੇਰੀ ਹੈਲਥ ਏਜੰਸੀ ਆਂ ਵਲੋਂ ਇੰਮਪਲਾਈਮੈਂਟ ਸਟੈਂਡਰਡ ਐਕਟ-2000 ਦੀ ਉਲੰਘਣਾ ਅਤੇ ਉਨ੍ਹਾਂ ਦੀ ਜ਼ੁੰਮੇਵਾਰੀ ਦੇ ਵਿਸ਼ੇ ਉਪਰ 3 ਸਵਾਲ ਅਤੇ ਟੈਮਪਰੇਰੀ ਹੈਲਪ ਏਜੰਸੀਆਂ ਵਲੋਂ ਵਰਕਰਾਂ ਨੂੰ ਕੰਮ ਉਪਰ ਭੇਜਣ ਤੋਂ ਪਹਿਲਾਂ ਉਸ ਕੰਪਨੀ ਯਾਨਿ ਫੈਕਟਰੀ/ ਵੇਅਰਹਾਊਸ ਆਦਿ ਸਬੰਧੀ ਮੁਢਲੀ ਜਾਣਕਾਰੀ ਦੇਣ ਜਾਂ ਨਾਂ ਦੇਣ ਦੇ ਵਿਸ਼ੇ ਉਪਰ 2 ਸਵਾਲਾਂ ਦੇ ਜ਼ਵਾਬ ਦਰਜ਼ ਕਰਵਾਉਣ ਲਈ ਕਿਹਾ ਹੈ ।

ਵਰਲਡ ਸਿੱਖ ਆਰਗੇਨਾਈਜੇਸ਼ਨ ਦੀ ਉਨਟਾਰੀਓ ਇਕਾਈ ਦੇ ਮੁੱਖੀ ਸ੍ਰ: ਸਤਾਨਮ ਸਿੰਘ ਵਾਘਾ ਨੇ ਕਿਹਾ ਕਿ ਆਉਣ ਵਾਲੇ ਵੀਕਐਂਡ ਤੱਕ ਵਰਲਡ ਸਿੱਖ ਆਰਗੇਨਾਈਜੇਸ਼ਨ ਦੀ ਵੈਬ-ਸਾਈਟ ਤੋਂ ਇਲਾਵਾ ਅਖਬਾਰਾਂ 'ਤੇ ਰੇਡੀਓ ਪ੍ਰੋਗਰਾਮਾਂ ਦੇ ਜ਼ਰੀਏ ਉਨਟਾਰੀਓ ਦੇ ਭਾਈਚਾਰੇ ਦੇ ਵਿਚਾਰਾਂ ਨੂੰ ਇਕੱਤਰ ਕਰਨ ਦੀ ਕਾਰਵਾਈ ਸ਼ੁਰੂ ਕਰਵਾ ਦਿੱਤੀ ਜਾਵੇਗੀ । ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਦੇ ਲਈ ਉਨ੍ਹਾਂ ਅਮਨਪ੍ਰੀਤ ਸਿੰਘ ਬੱਲ ਦੀ ਜ਼ਿੰਮੇਵਾਰੀ ਲਗਾਈ ਹੈ ।

ਡਬਿਲਯੂ ਐਸ ਓ ਦੀ ਵੈਬ-ਸਾਈਟ www.worldsikh.org,
ਈ-ਮੇਲ ਦੇ ਜ਼ਰੀਏ asinghbal@gmail.com ਜਾਂ ਫਿਰ ਟੈਲੀਫੂਨ ਦੇ ਜ਼ਰੀਏ 416-688-9999 ਵਧੇਰੇ ਜਾਣਕਾ ਰੀ ਲਈ ਸੰਪਰਕ ਕੀਤਾ ਜਾ ਸਕਦਾ ਹੈ ।